Punjabi

# ਵਿਦਿਆਰਥੀਆਂ ਵਾਸਤੇ ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਸਬੰਧੀ ਗਾਈਡ

**(A guide to Housing Benefit and Council Tax Benefit for Students)**

ਇਸ ਪਰਚੇ ਵਿਚ ਵਿਦਿਆਰਥੀਆਂ ਵਾਸਤੇ ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਬਾਰੇ ਵਿਆਖਿਆ ਕੀਤੀ ਗਈ ਹੈ। ਇਹ ਨਿਯਮ ਰਾਸ਼ਟਰੀ ਪੱਧਰ ਦੇ ਹਨ ਅਤੇ ਤੁਸੀਂ ਚਾਹੇ ਕਿਸੇ ਵੀ ਇਲਾਕੇ ਵਿਚ ਰਹਿੰਦੇ ਹੋਵੋ ਉਥੇ ਹੀ ਲਾਗੂ ਹੁੰਦੇ ਹਨ। ਜੇ ਤੁਹਾਨੂੰ ਇਹ ਨਹੀਂ ਪਤਾ ਕਿ ਤੁਹਾਡੇ ਰਹਿਣ ਵਾਲਾ ਇਲਾਕਾ ਕਿਸ ਕੌਂਸਲ ਅਧੀਨ ਆਉਂਦਾ ਹੈ, ਤਾਂ ਤੁਸੀਂ ਇਸਦਾ ਪਤਾ ਆਪਣੇ ਕੌਂਸਲ ਟੈਕਸ ਬਿੱਲ ਤੋਂ ਲਗਾ ਸਕਦੇ ਹੋ।

## ਕੀ ਵਿਦਿਆਰਥੀ ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਵਾਸਤੇ ਕਲੇਮ ਕਰ ਸਕਦੇ ਹਨ?

ਹਾਊਸਿੰਗ ਬੈਨੀਫਿਟ ਐਂਡ ਕੌਂਸਲ ਟੈਕਸ ਬੈਨੀਫਿਟਸ ਰੈਗੂਲੇਸ਼ਨਜ ਸਾਨੂੰ ਇਹ ਦੱਸਦੀਆਂ ਹਨ ਕਿ ਵਿਦਿਆਰਥੀ ਉਹ ਵਿਅਕਤੀ ਹੈ ਜੋ ਕਿਸੇ ਵਿਦਿਅਕ ਅਦਾਰੇ ਵਿਚ ਪੜ੍ਹਾਈ ਦਾ ਕੋਈ ਕੋਰਸ ਕਰ ਰਿਹਾ ਹੋਵੇ।

ਜ਼ਿਆਦਾਤਰ **ਕੁਲ-ਵਕਤੀ** (ਫੁਲ-ਟਾਈਮ)ਵਿਦਿਆਰਥੀ ਹਾਊਸਿੰਗ ਟੈਕਸ ਕਲੇਮ ਨਹੀਂ ਕਰ ਸਕਦੇ ਕਿਉਂਕਿ ਸਰਕਾਰ ਉਮੀਦ ਰੱਖਦੀ ਹੈ ਕਿ ਉਹ ਆਪਣੇ ਕਿਰਾਏ ਦੇ ਭੁਗਤਾਨ ਵਾਸਤੇ ਆਪਣੇ ਪੈਸੇ ਜਿਵੇਂ ਕਿ ਉਨ੍ਹਾਂ ਦੀ ਗ੍ਰਾਂਟ, ਸਟੂਡੈਂਟ ਲੋਨ ਜਾਂ ਅਕਸੈੱਸ ਫੰਡਜ ਦੀ ਵਰਤੋਂ ਕਰਨ।

ਆਮਤੌਰ ਤੇ, ਹਾਊਸਿੰਗ ਬੈਨੀਫਿਟ ਦੇ ਮਕਸਦ ਲਈ, 16 ਘੰਟੇ ਜਾਂ ਵੱਧ ਸਮਾਂ ਪ੍ਰਤੀ ਹਫਤਾ ਕਲਾਸ ਵਿਚ ਹਾਜ਼ਰ ਹੋਣ ਦੀ ਜ਼ਰੂਰਤ ਵਾਲਾ, ਕੋਰਸ ਕਰ ਰਿਹਾ ਵਿਅਕਤੀ ਕੁਲ-ਵਕਤੀ ਵਿਦਿਆਰਥੀ ਹੈ। ਜੇ ਤੁਹਾਨੂੰ ਪੱਕਾ ਪਤਾ ਨਹੀਂ ਕਿ ਤੁਸੀਂ ਕੁਲ-ਵਕਤੀ ਹੋ ਜਾਂ ਅੰਸ਼-ਵਕਤੀ (ਪਾਰਟ-ਟਾਈਮ) ਵਿਦਿਆਰਥੀ ਹੋ ਤਾਂ ਆਪਣੇ ਕਾਲਜ ਜਾਂ ਯੂਨੀਵਰਾਟੀ ਨਾਲ ਸੰਪਰਕ ਕਰੋ ਜੋ ਤੁਹਾਨੂੰ ਸਲਾਹ ਦੇ ਸਕਦੇ ਹਨ।

## ਹਾਊਸਿੰਗ ਬੈਨੀਫਿਟ ਅਤੇ ਕੌਂਸਲ ਟੈਕਸ ਬੈਨੀਫਿਟ ਦਾ ਕਲੇਮ ਕਿਹੜੇ ਵਿਦਿਆਰਥੀ ਕਰ ਸਕਦੇ ਹਨ?

ਤੁਸੀਂ ਸ਼ਾਇਦ ਕਲੇਮ ਕਰ ਸਕੋ ਜੇ ਤੁਸੀਂ:
- ਅੰਸ਼-ਵਕਤੀ ਵਿਦਿਆਰਥੀ ਹੋ;
- ਕਿਸੇ ਬੱਚੇ ਜਾਂ ਨੌਜਵਾਨ ਦੀ ਸੰਭਾਲ ਵਾਸਤੇ (ਇਕੱਲੇ ਜਾਂ ਜੋੜੇ ਦੇ ਰੂਪ ਵਿਚ) ਜ਼ਿੰਮੇਵਾਰ ਹੋ;
- ਸਿੰਗਲ ਜਾਂ ਫੌਸਟਰ ਮਾਂ-ਬਾਪ ਹੋ;
- 60 ਸਾਲ ਜਾਂ ਇਸਤੋਂ ਵੱਧ ਉਮਰ ਦੇ ਹੋ;
- ਇਨਕਮ ਸੁਪੋਰਟ ਜਾਂ ਇਨਕਮ ਸੁਪੋਰਟ-ਬੇਸਡ ਜਾਬ-ਸੀਕਰਜ ਅਲਾਊਂਸ ਲੈ ਰਹੇ ਹੋ;
- ਡਿਸੇਬਿਲਟੀ ਪ੍ਰੀਮੀਅਮ ਜਾਂ ਸਵੀਅਰ ਡਿਸੇਬਿਲਟੀ ਪ੍ਰੀਮਿਅਮ ਦੀਆਂ ਸ਼ਰਤਾਂ ਤੇ ਪੂਰੇ ਉਤਰਦੇ ਹੋ;
- 28 ਹਫਤਿਆਂ ਵਾਸਤੇ ਕੰਮ ਨਹੀਂ ਕਰ ਸਕੇ;
- ਬੋਲ਼ੇ ਹੋਣ ਕਾਰਨ ਡਿਸੇਬਲਡ ਸਟੂਡੈਂਟਸ ਅਲਾਊਂਸ ਦੇ ਹੱਕਦਾਰ ਹੋ;
- 21 ਸਾਲ ਤੋਂ ਛੋਟੀ ਉਮਰ ਦੇ ਹੋ ਅਤੇ ਉਚੇਰੀ ਵਿਦਿਆ ਨਹੀਂ ਪ੍ਰਾਪਤ ਕਰ ਰਹੇ;
- ਕੋਈ ਜੀਵਨ ਸਾਥੀ ਹੈ ਜੋ ਵਿਦਿਆਰਥੀ ਨਹੀਂ ਹੈ (ਉਨ੍ਹਾਂ ਨੂੰ ਕਲੇਮ ਕਰਨਾ ਪਵੇਗਾ, ਤੁਹਾਨੂੰ ਨਹੀਂ); ਜਾਂ
- ਕਿਸੇ ਬਿਮਾਰੀ ਜਾਂ ਸਾਂਭ-ਸੰਭਾਲ ਦੀਆਂ ਜ਼ਿੰਮੇਵਾਰੀਆਂ ਕਾਰਨ ਕਾਲਜ ਦੀ ਪ੍ਰਵਾਨਗੀ ਨਾਲ ਆਪਣੇ ਕੋਰਸ ਵਿਚ ਵਿਘਨ ਪਾਉਣਾ ਪਿਆ ਹੋਵੇ।

ਜੇ ਤੁਹਾਨੂੰ ਪੱਕਾ ਪਤਾ ਨਹੀਂ ਕਿ ਤੁਸੀਂ ਕਲੇਮ ਕਰ ਸਕਦੇ ਹੋ ਜਾਂ ਨਹੀਂ, ਤਾਂ ਸਲਾਹ ਲੈਣ ਵਾਸਤੇ ਤੁਸੀਂ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰ ਸਕਦੇ ਹੋ।

## ਕੀ ਸਟੂਡੈਂਟ ਨਰਸਾਂ ਹਾਊਸਿੰਗ ਬੈਨੀਫਿਟ ਕਲੇਮ ਕਰ ਸਕਦੀਆਂ ਹਨ?

ਨੈਸ਼ਨਲ ਹੈਲਥ ਸਰਵਿਸ ਵਲੋਂ ਫੰਡ ਕੀਤੇ ਗਏ ਵਿਦਿਆਰਥੀ ਦੂਸਰੇ ਵਿਦਿਆਰਥੀ ਉਤੇ ਲਾਗੂ ਹੋਣ ਵਾਲੇ ਨਿਯਮਾ ਅਨੁਸਾਰ ਹੀ ਹਾਊਸਿੰਗ ਬੈਨੀਫਿਟ ਕਲੇਮ ਕਰ ਸਕਦੇ ਹਨ। ਜੇ ਤੁਹਾਨੂੰ ਪੱਕਾ ਪਤਾ ਨਹੀਂ ਹੈ ਤਾਂ ਸਲਾਹ ਲੈਣ ਲਈ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰੋ।

## ਕੀ ਵਿਦੇਸ਼ੀ ਵਿਦਿਆਰਥੀ ਹਾਊਸਿੰਗ ਬੈਨੀਫਿਟ ਦਾ ਕਲੇਮ ਕਰ ਸਕਦੇ ਹਨ?

ਜੇ ਤੁਸੀਂ ਯੂਰਪ ਤੋਂ ਆਏ ਹੋਏ ਵਿਦਿਆਰਥੀ ਹੋ, ਤਾਂ ਤੁਸੀਂ ਸਿਰਫ ਉਦੋਂ ਹੀ ਹਾਊਸਿੰਗ ਬੈਨੀਫਿਟ ਕਲੇਮ ਕਰ ਸਕਦੇ ਹੋ ਜਦੋਂ ਤੁਸੀਂ ਐਸਾ ਕਰ ਸਕਣ ਵਾਲੇ ਵਿਦਿਆਰਥੀਆਂ ਦੇ ਮਾਪਦੰਡਾਂ ਤੇ ਪੂਰੇ ਉਤਰਦੇ ਹੋਵੋ। 'ਹਾਊਸਿੰਗ ਬੈਨੀਫਿਟ ਅਤੇ ਕੌਂਸਲ ਬੈਨੀਫਿਟ ਦਾ ਕਲੇਮ ਕਿਹੜੇ ਵਿਦਿਆਰਥੀ ਕਰ ਸਕਦੇ ਹਨ?' ਵਾਲਾ ਭਾਗ ਦੇਖੋ।

ਜੇ ਤੁਸੀਂ ਯੂਰਪ ਦੇ ਬਾਹਰੋਂ ਆਏ ਹੋ, ਤਾਂ ਸ਼ਾਇਦ ਤੁਸੀਂ ਹਾਊਸਿੰਗ ਬੈਨੀਫਿਟ ਕਲੇਮ ਨਹੀਂ ਕਰ ਸਕੋਗੇ, ਭਾਵੇਂ ਤੁਸੀਂ ਉਨ੍ਹਾਂ ਵਿਦਿਆਰਥੀਆਂ ਦੇ ਗਰੁੱਪ ਵਿਚ ਹੀ ਆਉਂਦੇ ਹੋਵੋ ਜਿਹੜੇ ਕਿ ਕਲੇਮ ਕਰ ਸਕਦੇ ਹਨ। ਇਹ ਤੁਹਾਡੇ ਇਸ ਮੁਲਕ ਵਿਚ ਆਉਣ ਦੀਆਂ ਸ਼ਰਤਾਂ ਉਤੇ ਨਿਰਭਰ ਕਰਦਾ ਹੈ ਅਤੇ ਤੁਹਾਡੇ ਹਾਊਸਿੰਗ ਬੈਨੀਫਿਟ ਕਲੇਮ ਨਾਲ ਨਿਪਟਣ ਤੋਂ ਪਹਿਲਾਂ ਸਾਨੂੰ ਤੁਹਾਡੇ ਇਮੀਗ੍ਰੇਸ਼ਨ ਸਟੇਟਸ ਬਾਰੇ ਜਾਨਣ ਦੀ ਲੋੜ ਪਵੇਗੀ।

## ਕੀ ਯੂਨੀਵਰਸਟੀ ਜਾਂ ਕਾਲਜ ਕੋਲੋਂ ਪ੍ਰਾਪਰਟੀ ਕਿਰਾਏ ਤੇ ਲੈਣ ਵਾਲੇ ਵਿਦਿਆਰਥੀ ਹਾਊਸਿੰਗ ਬੈਨੀਫਿਟ ਕਲੇਮ ਕਰ ਸਕਦੇ ਹਨ?

ਹਾਂ, ਕੁਲ-ਵਕਤੀ ਅਤੇ ਅੰਸ਼-ਵਕਤੀ ਵਿਦਿਆਰਥੀ ਜੋ ਇਸਦੇ ਪਾਤਰ ਹੋਣ ਉਹ ਯੂਨੀਵਰਸਟੀ ਜਾਂ ਕਾਲਜ ਕੋਲੋਂ ਕਿਰਾਏ ਤੇ ਲਈ ਹੋਈ ਰਹਾਇਸ਼ ਵਾਸਤੇ ਕਲੇਮ ਕਰ ਸਕਦੇ ਹਨ। ਆਪਣੀ ਯੂਨੀਵਰਸਟੀ ਜਾਂ ਕਾਲਜ ਕੋਲੋਂ ਕਿਰਾਏ ਤੇ ਰਹਾਇਸ਼ ਲੈ ਕੇ ਰਹਿਣ ਵਾਲੇ ਪਾਤਰ ਵਿਦਿਆਰਥੀ ਪੜ੍ਹਾਈ ਦੇ ਸਮੇਂ ਤੋਂ ਬਾਹਰ ਵੀ ਹਾਊਸਿੰਗ ਬੈਨੀਫਿਟ ਦੇ ਹੱਕਦਾਰ ਹੋ ਸਕਦੇ ਹਨ। ਇਹ ਸਿਰਫ ਉਸ ਹਾਲਤ ਵਿਚ ਹੀ ਲਾਗੂ ਹੋਵੇਗਾ ਜਿੱਥੇ ਉਸ ਪ੍ਰਾਪਰਟੀ ਵਿਚ ਰਹਿਣ ਦਾ ਕਾਰਨ ਕੋਰਸ ਵਿਚ ਹਾਜ਼ਰ ਹੋ ਸਕਣ ਦੀ ਸਹੂਲਤ ਪ੍ਰਦਾਨ ਕਰਨਾ ਹੋਵੇ।

ਜੇ ਯੂਨੀਵਰਸਟੀ ਜਾਂ ਕਾਲਜ ਅਸਥਾਈ ਤੌਰ ਤੇ ਕੌਂਸਲ, ਹਾਊਸਿੰਗ ਐਸੋਸ਼ੀਏਸ਼ਨ ਜਾਂ ਪ੍ਰਾਈਵੇਟ ਲੈਂਡ-ਲਾਰਡ ਕੋਲੋਂ ਰਹਾਇਸ਼ ਕਿਰਾਏ ਤੇ ਲੈਂਦੇ ਹਨ, ਅਤੇ ਤੁਸੀਂ ਹਾਊਸਿੰਗ ਬੈਨੀਫਿਟ ਕਲੇਮ ਕਰ ਸਕਣ ਵਾਲੇ ਵਿਦਿਆਰਥੀਆਂ ਦੇ ਮਾਪਦੰਡ ਵਿਚ ਆਉਂਦੇ ਹੋ ਤਾਂ ਤੁਸੀਂ ਇਸਦੇ ਪਾਤਰ ਹੋ ਸਕਦੇ ਹੋ।

ਇਸ ਬਾਰੇ ਵਧੇਰੇ ਪਤਾ ਲਗਾਉਣ ਲਈ ਆਪਣੀ ਸਥਾਨਕ ਕੌਂਸਲ ਨੂੰ ਫੋਨ ਕਰੋ।

## ਮੇਰੇ ਕੋਲ ਦੋ ਘਰ ਮੌਜੂਦ ਹਨ - ਇਕ ਕਾਲਜ ਵਿਖੇ ਅਤੇ ਇਕ ਘਰ ਵਿਖੇ। ਕੀ ਮੈਂ ਹਾਊਸਿੰਗ ਬੈਨੀਫਿਟ ਕਲੇਮ ਕਰ ਸਕੂੰ?

ਆਮਤੌਰ ਤੇ ਹਾਊਸਿੰਗ ਬੈਨੀਫਿਟ ਸਿਰਫ ਉਸ ਘਰ ਲਈ ਹੀ ਦਿੱਤਾ ਜਾਂਦਾ ਹੈ ਜਿਸ ਵਿਚ ਤੁਸੀਂ ਰਹਿ ਰਹੇ ਹੋਵੋ ਅਤੇ ਕਿਰਾਇਆ ਦੇ ਰਹੇ ਹੋਵੋ। ਜੇ ਤੁਸੀਂ ਵਿਦਿਆਰਥੀ ਜਾਂ ਸਿਖਿਆਰਥੀ (ਟ੍ਰੇਨੀ) ਹੋ, ਜੋੜੇ ਵਿਚੋਂ ਇਕ ਹੋ ਪਰ ਆਪਣੇ ਕੋਰਸ ਜਾਂ ਕੰਮ ਕਾਰਨ ਕਿਰਾਏ ਦੀ ਵੱਖ ਵੱਖ ਰਹਾਇਸ਼ ਵਿਚ ਰਹਿ ਰਹੇ ਹੋ ਤਾਂ ਸ਼ਾਇਦ ਤੁਹਾਨੂੰ ਦੋ ਘਰਾਂ ਸਬੰਧੀ ਸਹਾਇਤਾ ਮਿਲ ਸਕੇ।

ਤੁਸੀਂ ਸ਼ਾਇਦ ਹਾਊਸਿੰਗ ਬੈਨੀਫਿਟ ਕਲੇਮ ਕਰ ਸਕਦੇ ਹੋਵੋ ਪਰ ਇਹ ਤੁਹਾਡੇ ਹਾਲਤਾਂ ਉਤੇ ਨਿਰਭਰ ਹੋਵੇਗਾ। ਤੁਹਾਨੂੰ ਆਪਣੀ ਸਥਾਨਕ ਕੌਂਸਲ ਨਾਲ ਚੈੱਕ ਕਰ ਲੈਣਾ ਚਾਹੀਦਾ ਹੈ, ਇਸ ਕਰਕੇ ਸਲਾਹ ਲੈਣ ਵਾਸਤੇ ਉਨ੍ਹਾਂ ਨਾਲ ਸੰਪਰਕ ਕਰੋ।

## ਜੇ ਮੈਂ ਉਨ੍ਹਾਂ ਵਿਦਿਆਰਥੀਆਂ ਵਿਚੋਂ ਹੋਵਾਂ ਜੋ ਹਾਊਸਿੰਗ ਬੈਨੀਫਿਟ ਕਲੇਮ ਕਰ ਸਕਦੇ ਹਨ, ਤਾਂ ਮੈਨੂੰ ਕਿਤਨਾ ਬੈਨੀਫਿਟ ਮਿਲੇਗਾ?

ਤੁਹਾਨੂੰ ਕਿਤਨਾ ਬੈਨੀਫਿਟ ਮਿਲੇਗਾ ਇਹ ਤੁਹਾਡੀ ਆਮਦਨ ਉਤੇ ਨਿਰਭਰ ਹੋਵੇਗਾ। ਅਸੀਂ ਤੁਹਾਡੀ ਆਮਦਨ ਦਾ ਹਿਸਾਬ ਤੁਹਾਡੇ ਵਾਸਤੇ ਉਪਲੱਬਧ ਸਟੂਡੈਂਟ ਲੋਨ ਦੀ ਰਕਮ, ਚਾਹੇ ਇਹ ਤੁਹਾਨੂੰ ਪੂਰੀ ਨਾ ਮਿਲਦੀ ਹੋਵੇ, ਅਨੁਸਾਰ ਲਾਉਂਦੇ ਹਾਂ। ਅਸੀਂ ਇਸ ਰਕਮ ਵਿਚੋਂ ਪਹਿਲੇ 10 ਪੌਂਡ ਪ੍ਰਤੀ ਹਫਤਾ ਨਜ਼ਰ-ਅੰਦਾਜ਼ ਕਰ ਦਿੰਦੇ ਹਾਂ। ਜਿਹੜੇ ਵਿਦਿਆਰਥੀਆਂ ਨੂੰ ਨਰਸਰੀ ਜਾਂ ਮਿਡਵਿਫਰੀ ਡਿਪਲੋਮੇ ਦੇ ਕੋਰਸਾਂ ਵਾਸਤੇ ਵਜ਼ੀਫਾ ਮਿਲਦਾ ਹੈ ਉਨ੍ਹਾਂ ਨੂੰ ਸਟੂਡੈਂਟ ਲੋਨ ਨਹੀਂ ਮਿਲ ਸਕਦਾ, ਇਸ ਕਰਕੇ ਉਨ੍ਹਾਂ ਦੀ ਆਮਦਨ ਦਾ ਸਾਨੂੰ ਕੋਈ ਹਿਸਾਬ ਨਹੀਂ ਲਗਾਉਣਾ ਪੈਂਦਾ।

ਵਜ਼ੀਫੇ ਤੋਂ ਬਗੈਰ ਨਰਸਿੰਗ ਸਟੂਡੈਂਟਾਂ ਵਾਸਤੇ ਅਸੀਂ ਆਮ ਵਿਦਿਆਰਥੀਆਂ ਵਾਂਗ ਗ੍ਰਾਂਟ ਅਤੇ ਲੋਨ ਦੀ ਪੂਰੀ ਰਕਮ ਦਾ ਹਿਸਾਬ ਲਗਾਉਂਦੇ ਹਾਂ।

ਵਿਦਿਆਰਥੀਆਂ ਵਾਸਤੇ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਉਣ ਵਾਸਤੇ ਨਿਯਮ ਕਾਫੀ ਗੁੰਝਲਦਾਰ ਹਨ। ਜੇ ਤੁਸੀਂ ਕੁੱਝ ਪੁੱਛਣਾ ਹੋਵੇ ਤਾਂ ਸਲਾਹ ਲੈਣ ਵਾਸਤੇ ਕਿਸੇ ਵੀ ਸਮੇਂ ਆਪਣੀ ਸਥਾਨਕ ਕੌਂਸਲ ਨੂੰ ਫੋਨ ਕਰ ਸਕਦੇ ਹੋ।

## ਮੈਂ ਬੈਨੀਫਿਟ ਕਿਵੇਂ ਕਲੇਮ ਕਰਾਂ?

ਆਪਣੀ ਸਥਾਨਕ ਕੌਂਸਲ ਕੋਲੋਂ ਲੈ ਕੇ ਹਾਊਸਿੰਗ ਅਤੇ/ਜਾਂ ਕੌਂਸਲ ਟੈਕਸ ਬੈਨੀਫਿਟ ਕਲੇਮ ਫਾਰਮ ਮੁਕੰਮਲ ਕਰੋ।

## ਮੈਨੂੰ ਕੀ ਸਬੂਤ ਪੇਸ਼ ਕਰਨਾ ਪਵੇਗਾ?

ਤੁਹਾਡੇ ਕਲੇਮ ਦਾ ਜਾਇਜ਼ਾ ਲੈਣ ਵਾਸਤੇ ਸਾਨੂੰ ਪੂਰੀ ਤਰਾਂ ਮੁਕੰਮਲ ਫਾਰਮ ਦੇ ਨਾਲ ਹੇਠ ਲਿਖੀਆਂ ਚੀਜ਼ਾਂ ਦੀ ਲੋੜ ਪਵੇਗੀ।
- ਤੁਹਾਡੇ ਮਾਲੀ ਜਾਇਜ਼ੇ ਦੀ ਇਕ ਨਕਲ
- ਬਾਕੀ ਸਾਰੀ ਆਮਦਨ ਅਤੇ ਬੱਚਤ ਦਾ ਸਬੂਤ
- ਟਰਮ ਦੀਆਂ ਤਰੀਕਾਂ ਸਮੇਤ ਕੋਰਸ ਦਾ ਪੂਰਾ ਵੇਰਵਾ ਅਤੇ ਤੁਸੀਂ ਕਿਸ ਯੀਅਰ ਵਿਚ ਹੋ
- ਤੁਹਾਡੇ ਕਿਰਾਏ ਦਾ ਸਬੂਤ
- ਤੁਹਾਡੀ ਸ਼ਨਾਖਤ ਅਤੇ ਨੈਸ਼ਨਲ ਇਨਸ਼ੋਰੈਂਸ ਨੰਬਰ ਦਾ ਸਬੂਤ

ਐਪਲੀਕੇਸ਼ਨ ਫਾਰਮ ਤੋਂ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਸਾਨੂੰ ਕੀ ਕੁੱਝ ਚਾਹੀਦਾ ਹੈ, ਪਰ ਜੇ ਸਾਨੂੰ ਕੁੱਝ ਵਧੇਰੇ ਜਾਣਕਾਰੀ ਦੀ ਲੋੜ ਹੋਈ ਤਾਂ ਅਸੀਂ ਤੁਹਾਨੂੰ ਇਕ ਚਿੱਠੀ ਲਿਖ ਕੇ ਇਸਦੀ ਮੰਗ ਕਰਾਂਗੇ।

## ਮੈਂ ਦੂਸਰੇ ਵਿਦਿਆਰਥੀਆਂ ਨਾਲ ਇਕ ਪ੍ਰਾਪਰਟੀ ਵਿਚ ਰਹਿੰਦਾ/ਦੀ ਹਾਂ। ਕੀ ਸਾਨੂੰ ਕੌਂਸਲ ਟੈਕਸ ਦੇਣਾ ਪਵੇਗਾ?

ਨਹੀਂ, ਤੁਹਾਨੂੰ ਆਮਤੌਰ ਤੇ ਕੌਂਸਲ ਟੈਕਸ ਨਹੀਂ ਦੇਣਾ ਪਵੇਗਾ। ਜੇ ਤੁਸੀਂ ਕਿਸੇ ਐਸੀ ਪ੍ਰਾਪਰਟੀ ਵਿਚ ਰਹਿੰਦੇ ਹੋ ਜਿੱਥੇ ਕਿ ਸਿਰਫ ਵਿਦਿਆਰਥੀ ਹੀ ਰਹਿ ਰਹੇ ਹੋਣ, ਤਾਂ ਤੁਸੀਂ ਕੌਂਸਲ ਟੈਕਸ ਤੋਂ ਛੋਟ ਵਾਸਤੇ ਕਲੇਮ ਕਰ ਸਕਦੇ ਹੋ। ਐਸਾ ਕਰ ਸਕਣ ਲਈ ਪ੍ਰਾਪਰਟੀ ਵਿਚ ਰਹਿਣ ਵਾਲੇ ਹਰ ਇਕ ਵਿਅਕਤੀ ਨੂੰ ਕੌਂਸਲ ਟੈਕਸ ਆਫਿਸ ਸਾਹਮਣੇ ਆਪਣਾ ਵਿਦਿਆਰਥੀ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ। ਜੇ ਕੌਂਸਲ ਟੈਕਸ ਆਫਿਸ ਨੂੰ ਪ੍ਰਾਪਰਟੀ ਵਿਚਲੇ ਹਰ ਵਿਅਕਤੀ ਵਾਸਤੇ ਸਰਟੀਫਿਕੇਟ ਨਹੀਂ ਮਿਲੇਗਾ ਤਾਂ ਉਹ ਕੌਂਸਲ ਟੈਕਸ ਬਿੱਲ ਜ਼ਾਰੀ ਕਰ ਦੇਣਗੇ।

## ਮੈਂ ਹਾਲ ਆਫ ਰੈਜੀਡੈਂਟਸ ਵਿਚ ਰਹਿੰਦਾ/ਦੀ ਹਾਂ। ਕੀ ਮੈਨੂੰ ਕੌਂਸਲ ਟੈਕਸ ਦੇਣਾ ਪਵੇਗਾ?

ਨਹੀਂ, ਤੁਹਾਨੂੰ ਆਮਤੌਰ ਤੇ ਕੌਂਸਲ ਟੈਕਸ ਨਹੀਂ ਦੇਣਾ ਪਵੇਗਾ ਕਿਉਂਕਿ ਇਸ ਪ੍ਰਾਪਰਟੀ ਨੂੰ ਛੋਟ ਪ੍ਰਦਾਨ ਹੈ ਅਤੇ ਤੁਹਾਨੂੰ ਛੋਟ ਵਾਸਤੇ ਕਲੇਮ ਵੀ ਨਹੀਂ ਕਰਨਾ ਪਵੇਗਾ।

## ਮੇਰੀ ਰਹਾਇਸ਼ ਦੂਸਰੇ ਲੋਕਾਂ ਨਾਲ ਸਾਂਝੀ ਹੈ ਜੋ ਸਾਰੇ ਹੀ ਵਿਦਿਆਰਥੀ ਨਹੀਂ ਹਨ। ਕੀ ਮੈਨੂੰ ਕੌਂਸਲ ਟੈਕਸ ਦੇਣਾ ਪਵੇਗਾ?

ਕੁਲ-ਵਕਤੀ ਵਿਦਿਆਰਥੀਆਂ ਅਤੇ ਗੈਰ-ਵਿਦਿਆਰਥੀਆਂ ਦੀ ਸਾਂਝੀ ਰਹਾਇਸ਼ ਵਾਸਤੇ ਕੌਂਸਲ ਟੈਕਸ ਲਈ ਕੌਣ ਜ਼ਿੰਮੇਵਾਰ ਹੈ ਬਾਰੇ ਨਿਯਮ ਗੁੰਝਲਦਾਰ ਹਨ। ਹਰ ਇਕ ਹਾਲਤ ਉਤੇ ਵੱਖਰੀ ਤੌਰ ਤੇ ਗੌਰ ਕਰਨਾ ਪਵੇਗਾ। ਵਧੇਰੇ ਸਲਾਹ ਮਸ਼ਵਰੇ ਵਾਸਤੇ ਆਪਣੀ ਸਥਾਨਕ ਕੌਂਸਲ ਵਿਖੇ ਕੌਂਸਲ ਟੈਕਸ ਸੈਕਸ਼ਨ ਨਾਲ ਸੰਪਰਕ ਕਰੋ।

ਜੋ ਵਿਅਕਤੀ ਵਿਦਿਆਰਥੀ ਨਹੀਂ ਹਨ ਜੇ ਉਨ੍ਹਾਂ ਨੂੰ ਇਨਕਮ ਸੁਪੋਰਟ, ਇਨਕਮ ਬੇਸਡ ਜਾਬ-ਸੀਕਰਜ ਅਲਾਊਂਸ ਜਾਂ ਪੈਨਸ਼ਨ ਕ੍ਰੈਡਿਟ ਮਿਲਦਾ ਹੈ, ਤਾਂ ਬਦਲਵਾਂ ਅਧਿਕਤਮ ਕੌਂਸਲ ਟੈਕਸ ਬੈਨੀਫਿਟ (ਸੈਕੰਡ ਐਡੱਲਟ ਰੀਬੇਟ) ਲਾਗੂ ਹੋਵੇਗਾ। ਕਲੇਮ ਕੀਤੇ ਜਾਣ ਤੇ ਇਹ 100% ਮਿਲ ਜਾਵੇਗਾ ਅਤੇ ਜ਼ਿੰਮੇਵਾਰੀ ਸਿਫਰ ਤੱਕ ਘੱਟ ਜਾਵੇਗੀ।

## ਮੈਂ ਵਧੇਰੇ ਸਲਾਹ ਕਿੱਥੋਂ ਪ੍ਰਾਪਤ ਕਰ ਸਕੂੰ?

ਜੇ ਤੁਹਾਨੂੰ ਵਧੇਰੇ ਸਲਾਹ ਜਾਂ ਸਹਾਇਤਾ ਚਾਹੀਦੀ ਹੈ, ਤਾਂ ਆਪਣੀ ਸਥਾਨਕ ਕੌਂਸਲ ਜਾਂ ਆਪਣੀ ਯੂਨੀਵਰਸਟੀ ਜਾਂ ਕਾਲਜ ਨਾਲ ਸੰਪਰਕ ਕਰੋ। ਸ਼ਾਇਦ ਉਨ੍ਹਾਂ ਦਾ ਕੋਈ ਐਡਵਾਈਸ ਸੈਂਟਰ ਹੋਵੇ ਜਿੱਥੋਂ ਤੁਸੀਂ ਸਲਾਹ ਪ੍ਰਾਪਤ ਕਰ ਸਕਦੇ ਹੋ। ਨਹੀਂ

ਤਾਂ ਤੁਸੀਂ ਆਪਣੇ ਸਥਾਨਕ ਸਿਟੀਜ਼ਨਜ ਐਡਵਾਈਸ ਬਿਊਰੋ ਜਾਂ ਵੈਲਫੇਅਰ ਰਾਈਟਸ ਸਰਵਿਸ ਨਾਲ ਸੰਪਰਕ ਕਰ ਸਕਦੇ ਹੋ। ਵੇਰਵਾ ਤੁਹਾਡੀ ਸਥਾਨਕ ਫੋਨ ਬੁੱਕ ਵਿਚ ਦਰਜ਼ ਹੈ।

## ਦੂਸਰੇ ਰੂਪ

ਤੁਸੀਂ ਇਸ ਕਿਤਾਬਚੇ ਵਿਚਲੀ ਜਾਣਕਾਰੀ ਵੱਡੇ ਅੱਖਰਾਂ, ਬ੍ਰੇਅਲ, ਆਡੀਓ ਅਤੇ ਦੂਸਰੀਆਂ ਬੋਲੀਆਂ ਵਿਚ ਪ੍ਰਾਪਤ ਕਰ ਸਕਦੇ ਹੋ। ਵਧੇਰੇ ਜਾਣਕਾਰੀ ਵਾਸਤੇ ਸਾਡੀ ਵੈਬਸਾਈਟ www.benefit-leaflets.org ਦੇਖੋ।